ਕਵਿਜ਼ ਅਭਿਆਸ (7 ਅਗਸਤ - 13 ਅਗਸਤ 2021)

ਜਮਾਤ- 10ਵੀਂ

ਵਿਸ਼ਾ- ਪੰਜਾਬੀ

ਵਿਦਿਆਰਥੀ ਦਾ ਨਾਂ..... ਸਕੂਲ ਕੋਡ.....

1. 'ਸਤੀਆ ਏਹਿ ਨ ਆਖੀਅਨਿ' ਸ਼ਬਦ ਦੇ ਰਚਨਾਕਾਰ ਹਨ –

   (ੳ) ਗੁਰੂ ਗੋਬਿੰਦ ਸਿੰਘ ਜੀ (ਅ) ਗੁਰੂ ਨਾਨਕ ਦੇਵ ਜੀ

   (ੲ) ਗੁਰੂ ਅਮਰਦਾਸ ਜੀ (ਸ) ਗੁਰੂ ਅੰਗਦ ਦੇਵ ਜੀ

2. ਗੁਰੂ ਅਮਰਦਾਸ ਜੀ ਅਨੁਸਾਰ ਪਰਮਾਤਮਾ ਕਿੱਥੇ ਵਸਦਾ ਹੈ –

   (ੳ) ਅਸਮਾਨ ਵਿਚ (ਅ) ਮਨ ਦੇ ਅੰਗ ਸੰਗ (ੲ) ਵਿਅਕਤੀਆਂ ਵਿਚ (ਸ) ਜੰਗਲਾਂ ਵਿਚ

3. ਗੁਰੂ ਜੀ ਅਨੁਸਾਰ ਪਰਮਾਤਮਾ ਨਾਲ਼ ਮਿਲਾਪ ਕਿਵੇਂ ਹੋ ਸਕਦਾ ਹੈ –

   (ੳ) ਗੁਰੂ ਦੀ ਮੱਤ ਲੈ ਕੇ (ਅ) ਪਿਆਰ ਨਾਲ਼

   (ੲ) ਭਗਤੀ ਕਰਕੇ (ਸ) ਚੜ੍ਹਦੀ ਕਲਾ ਵਿਚ ਰਹਿਕੇ

4. 'ਗੁਰਮਤੀ' ਤੋਂ ਭਾਵ ਹੈ –

   (ੳ) ਗੁਰੂ ਦੀ ਗੱਲ (ਅ) ਗੁਰੂ ਦੀ ਮੱਤ ਲੈ ਕੇ (ੲ) ਜੋਤਿ ਸਰੂਪੁ (ਸ) ਭਗਤੀ ਕਰਨਾ

5. ਜੋ ਇਸਤਰੀ ਆਪਣੇ ਪਤੀ ਦੀ ਮੌਤ 'ਤੇ ਉਸ ਦੇ ਨਾਲ ਹੀ ਚਿਖਾ ਵਿਚ ਸੜ ਮਰਦੀ ਸੀ, ਉਸਨੂੰ ਕਿਹਾ ਜਾਂਦਾ ਸੀ –

   (ੳ) ਸਤੀ (ਅ) ਗਤੀ (ੲ) ਵਿਧਵਾ (ਸ) ਵਿਛੋੜਾ

6. 'ਮਹੇਲੀਆ' ਦਾ ਸਹੀ ਅਰਥ ਦਸੋ –

   (ੳ) ਮੇਲਾ (ਅ) ਆਚਰਣ (ੲ) ਇਸਤਰੀਆਂ (ਸ) ਪਹੇਲੀ

7. 'ਮਨ ਤੂੰ ਜੋਤਿ ਸਰੂਪੁ ਹੈ' ਸ਼ਬਦ ਅਨੁਸਾਰ ਮਨ ਨੂੰ 'ਦਾ ਅੰਸ਼ ਕਿਹਾ ਗਿਆ ਹੈ –

   (ੳ) ਮਨੁੱਖ ਦਾ (ਅ) ਹਿਰਦੇ ਦਾ (ੲ) ਸੰਸਾਰ ਦਾ (ਸ) ਪ੍ਰਮਾਤਮਾ ਦਾ

8. 'ਸਤੀਆ ਏਹਿ ਨ ਆਖੀਅਨਿ' ਸ਼ਬਦ ਵਿਚ ਗੁਰੂ ਜੀ ਨੇ ਖੰਡਨ ਕੀਤਾ ਹੈ –

   (ੳ) ਦਹੇਜ ਪ੍ਰਥਾ ਦਾ (ਅ) ਪਰਦਾ ਪ੍ਰਥਾ ਦਾ

   (ੲ) ਸਤੀ ਪ੍ਰਥਾ ਦਾ (ਸ) ਸਾਰੇ ਵਿਕਲਪ ਸਹੀ ਹਨ